# ਵਿਅਕਤੀਗਤ ਅਤੇ ਪਰਿਵਾਰਿਕ ਸਮੱਸਿਆਵਾਂ ਲਈ ਆਤਮਿਕ ਸਲਾਹ

ਜਿਨ੍ਹਾਂ ਲੋਕਾਂ ਨੂੰ ਸਮੱਸਿਆਵਾਂ ਹਨ, ਉਨ੍ਹਾਂ ਦੀ ਮਦਦ ਕਰੋ, ਜਿਵੇਂ ਨਾਥਾਨ ਨੇ ਕੀਤੀ।

ਅਜਿਹੀਆਂ ਗਤੀਵਿਧੀਆਂ ਚੁਣੋ ਜਿਹੜੀਆਂ ਵਰਤਮਾਨ ਲੋੜਾਂ ਅਤੇ ਸਥਾਨਕ ਰਸਮਾਂ ਲਈ ਢੁੱਕਵੀਆਂ ਹਨ।

ਪ੍ਰਾਰਥਨਾ : ''ਪਿਆਰੇ ਪ੍ਰਭੂ, ਮੈਨੂੰ ਪ੍ਰੇਮ ਨਾਲ ਸੱਚ ਬੋਲਣ ਵਿੱਚ ਮਦਦ ਕਰ।'' (ਅਫ਼ਸੀਆਂ 4:15)


**1.** ਇਨ੍ਹਾਂ ਹਦਾਇਤਾਂ ਨੂੰ ਇਸਤੇਮਾਲ ਕਰਦੇ ਹੋਏ ਆਤਮਿਕ ਸਲਾਹ ਦੇਣ ਦੀ ਤਿਆਰੀ ਕਰੋ।

ਕਿਸੇ ਵਿਅਕਤੀ ਨੂੰ ਦਰਦਨਾਕ ਸੱਚ ਦੱਸਣਾ, ਜਿਸਨੂੰ ਸੁਧਾਰ ਦੀ ਲੋੜ ਹੈ, ਸਭ ਤੋਂ ਪਿਆਰੀ ਗੱਲ ਹੈ ਜੋ ਤੁਸੀਂ ਉਨ੍ਹਾਂ ਲਈ ਕਰ ਸਕਦੇ ਹੋ। (2 ਸਮੂਏਲ 11-12 ਅਧਿਆਏ) ਵਿੱਚ ਲੱਭੋ ਕਿਵੇਂ ਨਾਥਾਨ ਨੇ ਪਰਮੇਸ਼ੁਰ ਨਾਲ ਸੰਗਤੀ ਨੂੰ ਬਹਾਲ ਕਰਨ ਵਿੱਚ ਦਾਊਦ ਦੀ ਮਦਦ ਕੀਤੀ।

**1)** ਜੇਕਰ ਸਮੱਸਿਆ ਨਿੱਜੀ ਹੈ ਤਾਂ ਇਸਨੂੰ ਨਿੱਜੀ ਰੂਪ ਵਿੱਚ ਹੱਲ ਕਰੋ; ਨਹੀਂ ਤਾਂ ਛੋਟੇ ਸਮੂਹ ਵਿੱਚ ਇਸਨੂੰ ਹੱਲ ਕਰੋ, ਤਾਂ ਜੋ ਦੂਜੇ ਲੋਕ ਵੀ ਇਸ ਤੋਂ ਉਤਸਾਹ ਪਾਉਣ ਅਤੇ ਪਰਮੇਸ਼ੁਰ ਦੀ ਮਦਦ ਲਈ ਪ੍ਰਾਰਥਨਾ ਕਰਨ।

ਇਕ ਮਨੁੱਖ ਪੁੱਛਦਾ ਹੈ:
ਮੈਨੂੰ ਇੱਕ ਬੁਰੀ ਆਦਤ ਹੈ।
ਕੀ ਤੂੰ ਮੇਰੀ ਇਸ ਤੋਂ ਮੁਕਤ ਹੋਣ ਵਿੱਚ ਮਦਦ ਕਰੇਗਾ?

ਇੱਕ ਚਰਵਾਹਾ ਉੱਤਰ ਦੇਂਦਾ ਹੈ:
ਯਿਸੂ ਤੇਰੀ ਮਦਦ ਕਰੇਗਾ।
ਮੇਰੇ ਘਰ ਆ,
ਅਸੀਂ ਇਕੱਲੇ ਗੱਲ ਕਰਾਂਗੇ।



ਜੇਕਰ ਸਮੱਸਿਆ ਕਿਸੇ ਇੱਕ ਵਿਸ਼ਵਾਸੀ ਦੇ ਵਿਰੁੱਧ ਦੋਸ਼ ਹੈ, ਤਾਂ ਫਿਰ ਮੱਤੀ 18:15-16 ਵਿੱਚ ਪੜ੍ਹੋ, ਇੱਕ ਦੋਸ਼ੀ ਵਿਅਕਤੀ ਨੂੰ ਕੀ ਕਰਨਾ ਚਾਹੀਦਾ ਹੈ?

**2)** ਔਰਤਾਂ ਨੂੰ ਉੱਥੇ ਸਲਾਹ ਦਿਓ, ਜਿੱਥੇ ਲੋਕ ਤੁਹਾਨੂੰ ਵੇਖਦੇ ਹੋਣ। ਉਨ੍ਹਾਂ ਨੂੰ ਕਦੀ ਵੀ ਇਕੱਲੇ ਜਾਂ ਬੰਦ ਦਰਵਾਜ਼ੇ ਪਿੱਛੇ ਨਾ ਮਿਲੋ। ਅਸੀਂ ਹਰ ਪ੍ਰਕਾਰ ਦੀ ਬਦੀ ਤੋਂ ਲਾਂਭੇ ਰਹਿਣਾ ਹੈ (1 ਥੱਸਲੁਨੀਕੀਆਂ 5:22)।

ਮੈਨੂੰ ਬਹੁਤ ਜਿਆਦਾ ਨਿਰਾਸ਼ਾ
ਮਹਿਸੂਸ ਹੁੰਦੀ ਹੈ! ਕਿਰਪਾ ਕਰਕੇ
ਮੇਰੀ ਮਦਦ ਕਰੋ।

ਉਸ ਬਾਗ਼ ਵਿੱਚ ਆ ਜਾਓ, ਜਿੱਥੇ ਮੇਰੀ
ਪਤਨੀ ਹੈ।



**3)** ਸਮੱਸਿਆਵਾਂ ਬਾਰੇ ਸਿਰਫ ਉਨ੍ਹਾਂ ਲੋਕਾਂ ਨਾਲ ਹੀ ਗੱਲ ਕਰੋ, ਜਿਹੜੇ ਸਿੱਧੇ ਤੌਰ ਤੇ ਚਿੰਤਤ ਹਨ, ਉਸ ਵਿਅਕਤੀ, ਪਰਿਵਾਰ ਜਾਂ ਵਿਸ਼ਵਾਸੀਆਂ ਨਾਲ ਜਿਨ੍ਹਾਂ ਨੂੰ ਸਮੱਸਿਆ ਦੁਆਰਾ ਚੋਟ ਪਹੁੰਚਦੀ ਹੈ। ਅਸਤਰ ਨੇ ਹਾਮਾਨ ਦੀ ਬੁਰੀ ਸਾਜ਼ਸ਼ ਬਾਰੇ ਉਸ ਉੱਤੇ ਤਦ ਤੱਕ ਦੋਸ਼ ਨਹੀਂ ਲਾਇਆ, ਜਦ ਤੱਕ ਉਹ, ਇਹ ਉਸਦੇ ਅਤੇ ਰਾਜੇ ਦੇ ਸਾਹਮਣੇ ਨਹੀਂ ਕਰ ਸਕੀ, ਜਿਸਨੂੰ ਉਸਨੇ ਧੋਖਾ ਦਿੱਤਾ ਸੀ (ਅਸਤਰ 5-7 ਅਧਿਆਏ)।

ਮੇਰਾ ਪਤੀ ਅਤੇ ਮੈਂ ਬਹੁਤ ਬਹਿਸ ਕਰਦਾ ਹਾਂ
ਉਹ ਬਹੁਤ ਜਿਆਦਾ ਢੀਠ ਹੈ!

ਫਿਰ ਕੱਲ੍ਹ ਸਾਨੂੰ ਮਿਲਕੇ ਇਸ ਬਾਰੇ, ਉਸ ਨਾਲ ਗੱਲ ਕਰਨੀ ਚਾਹੀਦੀ ਹੈ।



**4)** ਜਦੋਂ ਲੋਕ ਸਮੱਸਿਆ ਬਾਰੇ ਬਿਆਨ ਕਰਦੇ ਹਨ ਤਾਂ ਸੁਣੋ। ਉਨੀਂ ਦੇਰ ਤੱਕ ਪ੍ਰਸ਼ਨ ਪੁੱਛੋ, ਜਦ ਤੱਕ ਤੁਸੀਂ ਬੁਨਿਆਦੀ ਜੜ੍ਹ (ਕਾਰਨ) ਨੂੰ ਸਮਝ ਨਾ ਸਕੋ। ਯਾਕੂਬ 1:5 ਵਿੱਚ ਪੜ੍ਹੋ ਸਾਨੂੰ ਕੀ ਕਰਨਾ ਚਾਹੀਦਾ ਹੈ, ਜਦੋਂ ਸਾਨੂੰ ਸਮੱਸਿਆ ਨੂੰ ਚੰਗੀ ਤਰ੍ਹਾਂ ਸਮਝਣ ਦੀ ਲੋੜ ਹੈ।

ਸਮੱਸਿਆ ਇਹ ਹੈ ਕਿ ਮੇਰਾ ਪਤੀ ਇੱਥੇ ਬੱਚਿਆਂ ਦੀ ਦੇਖਭਾਲ ਕਰਨ ਵਿੱਚ ਮੇਰੀ ਮਦਦ ਨਹੀਂ ਕਰਦਾ।

ਹਾਂ ਮੈਂ ਕਰਦਾ ਹਾਂ!
ਸਮੱਸਿਆ ਇਹ ਹੈ ਕਿ ਤੂੰ ਉਨ੍ਹਾਂ ਨੂੰ ਬਹੁਤ ਜਿਆਦਾ ਝਿੜਕਦੀ ਹੈਂ! ਤੂੰ ਉਨ੍ਹਾਂ ਨੂੰ ਆਮ ਬੱਚਿਆਂ ਦੀ ਤਰ੍ਹਾਂ ਖੇਡਣ ਨਹੀਂ ਦੇਂਦੀ।



ਲੋਕਾਂ ਦੇ ਭੇਤਾਂ ਨੂੰ ਆਪਣੇ ਤੱਕ ਹੀ ਰੱਖੋ। ਜੋ ਤੁਸੀਂ ਗੁਪਤ ਰੂਪ ਵਿੱਚ ਸੁਣਿਆ ਹੈ ਉਸਨੂੰ ਦੂਜੇ ਲੋਕਾਂ ਅੱਗੇ ਕਦੀ ਨਾ ਦੁਹਰਾਓ। ਕਹਾਉਤਾਂ 11:13 ਵਿੱਚ ਪੜ੍ਹੋ, ਪਰਮੇਸ਼ੁਰ ਛਿਪੀਆਂ ਗੱਲਾਂ ਬਾਰੇ ਕੀ ਸੋਚਦਾ ਹੈ।

ਮੇਰੇ ਭਤੀਜੇ ਨੇ ਤੈਨੂੰ ਕੀ ਦੱਸਿਆ, ਜਦੋਂ ਉਸਨੇ ਤੈਨੂੰ ਸਲਾਹ ਦਿੱਤੀ

ਸਾਨੂੰ ਉਹ ਦੁਹਰਾਉਣਾ ਨਹੀਂ ਚਾਹੀਦਾ, ਜੋ ਲੋਕ ਸਾਨੂੰ ਗੁਪਤ ਵਿੱਚ ਦੱਸਦੇ ਹਨ।

**5)** ਸਮੱਸਿਆ ਦੀ ਜੜ੍ਹ ਤੇ ਪਰਮੇਸ਼ੁਰ ਦਾ ਵਚਨ ਲਾਗੂ ਕਰੋ। ਸਿਰਫ ਉਨ੍ਹਾਂ ਸ਼ਿਕਾਇਤਾਂ ਨੂੰ ਹੀ ਹੱਲ ਕਰਨ ਦੀ ਕੋਸ਼ਿਸ਼ ਨਾ ਕਰੋ ਜਿਹੜੀਆਂ ਤੁਸੀਂ ਸਭ ਤੋਂ ਪਹਿਲਾਂ ਸੁਣਦੇ ਹੋ; ਉਹ ਆਮ ਤੌਰ ਤੇ ਅਸਲ ਸਮੱਸਿਆ ਦੇ ਸਿਰਫ ਲੱਛਣ ਹੀ ਹੁੰਦੇ ਹਨ। ਪਰਮੇਸ਼ੁਰ ਦੇ ਵਚਨ ਪ੍ਰਤੀ, ਬੁਰੀ ਸੋਚ ਨੂੰ ਸੁਧਾਰੋ। ''ਮਸੀਹ ਦਾ ਬਚਨ ਪੂਰੀ ਬੁੱਧ ਨਾਲ ਤੁਹਾਡੇ ਵਿੱਚ ਬਹੁਤਾ ਕਰਕੇ ਵੱਸੇ ਅਤੇ ਤੁਸੀਂ ਸਾਰੀ ਬੁੱਧ ਨਾਲ ਇੱਕ ਦੂਏ ਨੂੰ ਉਪਦੇਸ਼ ਦਿੰਦੇ ਅਤੇ ਚਿਤਾਉਂਦੇ ਰਹੋ''। ਕੁਲੁੱਸੀਆ 3:16, 1 ਤਿਮੋਥਿਉਸ 4:1 ਵਿੱਚ ਲੱਭੋ, ਕਿਸਦੇ ਝੂਠ ਨਿਹਚਾਹੀਣ ਮਨੁੱਖ ਗਲੇ ਲਾਉਂਦੇ ਹਨ।

ਮੈਂ ਆਪਣੀ ਬੁਰੀ ਆਦਤ ਨੂੰ ਨਹੀਂ ਛੱਡ ਸਕਦਾ। ਇਹ ਬਹੁਤ ਤਾਕਤਵਰ ਹੈ।

ਸ਼ੈਤਾਨ ਨੇ ਤੈਨੂੰ ਉਹ ਝੂਠ ਦੱਸਿਆ ਹੈ!
ਜਿਸਨੇ ਤੈਨੂੰ ਯਿਸੂ ਦੀ ਸ਼ਕਤੀ ਵਿੱਚ ਤੇਰੀ ਨਿਹਚਾ ਨੂੰ ਕਮਜ਼ੋਰ ਕਰਨ ਦਿੱਤਾ ਹੈ। ਤੂੰ ਬਾਲਗ ਹੈਂ ਅਤੇ ਫੈਸਲਾ ਕਰ ਸਕਦਾ ਹੈਂ ਕਿਵੇਂ ਵਿਹਾਰ ਕਰਨਾ ਹੈ।




- ਜੇਕਰ ਕੋਈ ਵਿਅਕਤੀ ਹਾਲੇ ਵੀ ਵਿਸ਼ਵਾਸ ਨਹੀਂ ਕਰਦਾ ਤਾਂ ਫਿਰ ਉਸਦੀ ਤੋਬਾ ਕਰਨ ਅਤੇ ਮਸੀਹ ਵਿੱਚ ਮਾਫ਼ੀ ਨੂੰ ਖੋਜਣ ਵਿੱਚ ਮਦਦ ਕਰੋ।
- ਜੇਕਰ ਕੋਈ ਵਿਅਕਤੀ ਵਿਸ਼ਵਾਸ ਕਰਦਾ ਹੈ, ਪਰ ਅਯੋਗ ਮਹਿਸੂਸ ਕਰਦਾ ਹੈ, ਫਿਰ ਉਸਨੂੰ ਵਿਖਾਉਣ ਲਈ ਕਿ ਉਹ ਪਰਮੇਸ਼ੁਰ ਦੀਆਂ ਨਜ਼ਰਾਂ ਵਿੱਚ ਕੌਣ ਹੈ, ਅਤੇ ਮਸੀਹ ਵਿੱਚ ਸਦਾ ਲਈ ਉਸਨੂੰ ਜੋ ਪ੍ਰਾਪਤ ਹੋਇਆ ਹੈ, ਇਕੱਠੇ ਮਿਲਕੇ ਅਫ਼ਸੀਆਂ ਅਧਿਆਏ 1 ਦਾ ਅਧਿਐਨ ਕਰੋ। ਉਸਨੂੰ ਇਸ ਲਈ ਪਰਮੇਸ਼ੁਰ ਦਾ ਧੰਨਵਾਦ ਕਰਨ ਵਿੱਚ ਮਦਦ ਕਰੋ।

- ਜੇਕਰ ਕੋਈ ਵਿਅਕਤੀ ਅਸੁਰੱਖਿਅਤ ਮਹਿਸੂਸ ਕਰਦਾ ਹੈ, ਅਤੇ ਡਰਦਾ ਹੈ ਕਿ ਪਰਮੇਸ਼ੁਰ ਉਸਨੂੰ ਪਿਆਰ ਨਹੀਂ ਕਰਦਾ, ਤਾਂ ਇਕੱਠੇ ਮਿਲਕੇ ਰੋਮੀਆ 8 ਅਧਿਆਏ ਦਾ ਅਧਿਐਨ ਕਰੋ।
- ਜੇਕਰ ਕੋਈ ਵਿਅਕਤੀ ਮਹਿਸੂਸ ਕਰਦਾ ਹੈ ਕਿ ਪਰਮੇਸ਼ੁਰ ਦੂਰ ਹੈ ਜਾਂ ਯਿਸੂ ਉਸ ਨਾਲ ਨਰਾਜ਼ ਹੈ, ਤਾਂ ਉਸਨੂੰ ਕੁਲੁੱਸੀਆਂ 1-3 ਅਧਿਆਏ ਵਿੱਚ ਵਿਖਾਓ, ਕਿਵੇਂ ਯਿਸੂ ਉਸ ਲਈ ਪਰਮੇਸ਼ੁਰ ਦੀ ਸ਼ਕਤੀ ਅਤੇ ਅਣਦਿੱਖ ਵਸਤੂਆਂ ਲਿਆਇਆ ਹੈ।

**6)** ਲੋਕਾਂ ਨੂੰ ਜੋ ਸਮੱਸਿਆ ਨੂੰ ਸੁਧਾਰਨ ਵਿੱਚ ਕਰਨਾ ਚਾਹੀਦਾ ਹੈ ਉਸਦਾ ਸਹੀ ਅਰਥ ਸਮਝਣ ਅਤੇ ਪਰਮੇਸ਼ੁਰ ਦੀ ਪਵਿੱਤਰ ਆਤਮਾ ਦੀ ਮਦਦ ਨਾਲ, ਉਨ੍ਹਾਂ ਦੇ ਵਤੀਰੇ ਦੇ ਬਦਲਾਓ ਪ੍ਰਤੀ ਸਹਿਮਤ ਹੋਣ ਵਿੱਚ ਮਦਦ ਕਰੋ।

ਮੈਂ ਵੇਖਦਾ ਹਾਂ!
ਇਹ ਬਿਲਕੁੱਲ ਸਹੀ ਹੈ! ਜਿੰਨੀ ਦੇਰ ਤੱਕ ਮੈਨੂੰ ਆਪਣੀ ਪਤਨੀ ਕੋਲੋਂ ਮਾਫ਼ੀ ਮੰਗਣ
ਦੀ ਲੋੜ ਹੈ, ਅਤੇ ਮੈਨੂੰ ਉਸਨੂੰ ਮਾਫ਼ ਕਰਨਾ
ਚਾਹੀਦਾ ਹੈ, ਅਤੇ ਜਿਵੇਂ ਪਰਮੇਸ਼ੁਰ ਕਹਿੰਦਾ ਹੈ,
ਉਸ ਤਰ੍ਹਾਂ ਪਿਆਰ ਕਰਨਾ ਚਾਹੀਦਾ ਹੈ।

ਪਰਮੇਸ਼ੁਰ ਪੂਰੀ ਤਰ੍ਹਾਂ ਤੁਹਾਡੀ ਸਮੱਸਿਆ ਦਾ
ਹੱਲ ਨਹੀਂ ਕਰਦਾ, ਮੈਂ ਤੁਹਾਨੂੰ ਮਿਲਦਾ ਰਹਾਂਗਾ।



6) ਸਿਰਫ ਉਨ੍ਹਾਂ ਲੋਕਾਂ ਨੂੰ ਸਲਾਹ ਦਿਓ ਜੋ ਬਦਲਣਾ ਚਾਹੁੰਦੇ ਹਨ। ਜੇਕਰ ਲੋਕ ਉਨ੍ਹਾਂ ਦਾ ਵਤੀਰਾ ਨਹੀਂ ਬਦਲਣਾ ਚਾਹੁੰਦੇ , ਜਾਂ ਜੇਕਰ ਉਹ ਬਿਨ੍ਹਾਂ ਬਦਲਣ ਦੇ ਤੁਹਾਡੇ ਨਾਲ ਐਵੇਂ ਗੱਲ ਕਰਨਾ ਚਾਹੁੰਦੇ ਹਨ, ਤਾਂ ਉਨ੍ਹਾਂ ਨੂੰ ਮਿਲਣਾ ਬੰਦ ਕਰ ਦਿਓ। ਉਨ੍ਹਾਂ ਲੋਕਾਂ ਨਾਲ ਵਿਅਰਥ ਸਮਾਂ ਨਾ ਬਿਤਾਓ ਜਿਹੜੇ ਸਿਰਫ ਤਵੱਜੋ ਚਾਹੁੰਦੇ ਹਨ। ਕੁਝ ਲੋਕਾਂ ਨੂੰ ਸ਼ਿਕਾਰ ਬਣਨ ਵਿੱਚ ਮਜ਼ਾ ਆਉਂਦਾ ਹੈ। ਦੂਜੇ ਲੋਕ ਸਿਰਫ ਆਪਣੇ ਆਪ ਬਾਰੇ ਸੋਚਦੇ ਹਨ। ਯਿਸੂ ਨੇ ਕਿਹਾ, ''ਆਪਣੇ ਮੋਤੀ ਸੂਰਾਂ ਅੱਗੇ ਨਾ ਸੁੱਟੋ'' (ਮੱਤੀ 7:6)।

**2. ਹਫ਼ਤੇ ਦੌਰਾਨ ਹੋਣ ਵਾਲੀਆਂ ਗਤੀਵਿਧੀਆਂ ਬਾਰੇ ਆਪਣੇ ਸਹਿਕਰਮੀਆਂ ਨਾਲ ਮਿਲਕੇ ਯੋਜਨਾ ਬਣਾਓ।**

ਉੱਪਰ ਦਿੱਤੀਆਂ ਗਈਆਂ ਹਦਾਇਤਾਂ ਨਾਲ ਸਿਆਣੇ ਵਿਸ਼ਵਾਸੀਆਂ ਨੂੰ ਆਤਮਿਕ ਸਲਾਹਕਾਰ ਬਣਨ ਲਈ ਤਿਆਰ ਕਰੋ।

ਉਨ੍ਹਾਂ ਲੋਕਾਂ ਕੋਲ ਜਾਓ, ਜਿਨ੍ਹਾਂ ਨੂੰ ਸਲਾਹ ਦੀ ਲੋੜ ਹੈ।

ਆਉਣ ਵਾਲੇ ਅਰਾਧਨਾ ਸਮੇਂ ਬਾਰੇ, ਸਹਿਕਰਮੀਆਂ ਨਾਲ ਮਿਲਕੇ ਤਿਆਰੀ ਕਰੋ।

ਦੱਸੋ ਕਿਵੇਂ ਨਾਥਾਨ ਨੇ ਦਾਊਦ ਨੂੰ ਸਲਾਹ ਦਿੱਤੀ, 2 ਸਮੂਏਲ ਅਧਿਆਏ 11-12

ਉੱਪਰ ਦਿੱਤੀਆਂ ਗਈਆਂ ਕੁਝ ਸਲਾਹ ਦੇਣ ਲਈ ਹਦਾਇਤਾਂ ਦੇ ਬਾਈਬਲ ਆਧਾਰ ਬਾਰੇ **ਵਿਆਖਿਆ** ਕਰੋ।

ਆਤਮਿਕ ਸਲਾਹ ਦੁਆਰਾ, ਹਾਲ ਹੀ ਵਿੱਚ ਪ੍ਰਾਪਤ ਕੀਤੀਆਂ ਜਿੱਤਾਂ ਦਾ ਵੇਰਵਾ ਦਿਓ, ਅਤੇ ਇਸ ਲਈ ਪਰਮੇਸ਼ੁਰ ਦੀ ਉਸਤਤ ਕਰੋ।

**ਬੱਚਿਆਂ** ਨੂੰ ਨਾਟਕ, ਕਵਿਤਾ ਅਤੇ ਪ੍ਰਸ਼ਨ ਜੋ ਉਨ੍ਹਾਂ ਤਿਆਰ ਕੀਤੇ ਹਨ ਪੇਸ਼ ਕਰਨ ਦਿਓ।

ਇਕੱਠੇ ਮਿਲਕੇ 1 ਕੁਰਿੰਥੀਆਂ 14:3 **ਯਾਦ** ਕਰੋ।

**ਪ੍ਰਭੂ ਭੋਜ** ਸ਼ੁਰੂ ਕਰਨ ਲਈ 1 ਕੁਰਿੰਥੀਆਂ 11:28-32 ਵਿੱਚ ਪਾਈ ਜਾਣ ਵਾਲੀ ਚੇਤਾਵਨੀ ਬਾਰੇ ਸੰਖੇਪ ਰੂਪ ਵਿੱਚ ਵਿਆਖਿਆ ਕਰੋ।

ਪ੍ਰਾਰਥਨਾ ਕਰਨ, ਯੋਜਨਾ ਬਣਾਉਣ, ਆਤਮਿਕ ਸਲਾਹ ਦੇਣ, ਅਤੇ ਪ੍ਰਾਪਤ ਕਰਨ ਲਈ ਦੋ ਜਾਂ ਤਿੰਨ ਲੋਕਾਂ ਦੇ ਸਮੂਹ ਬਣਾਓ।

Copyright © 2003 by Paul-Timothy. Download Paul-Timothy studies freely from www.Paul-Timothy.net